# ਨੋਟਿਸ

ਇੰਨਟਰਨਲ ਅਸੈਸਮੈਂਟ ਅਤੇ ਐਕਸਟਰਨਲ ਪ੍ਰੈਕਟੀਕਲ ਸੈਂਸਨ ਜਨਵਰੀ 2021 ਦੇ ਨੰਬਰ ਭਰਨ ਲਈ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਨੋਟਿਸ ਦੇਣ ਦੇ 2 ਦਿਨਾਂ ਦੇ ਅੰਦਰ-ਅੰਦਰ ਨੰਬਰ ਆਨ-ਲਾਇਨ ਅਪਲੋਡ ਕੀਤੇ ਜਾਣ। ਆਨ-ਲਾਇਨ ਅਪਲੋਡ ਕਰਨ ਉਪਰੰਤ ਇਹਨਾਂ ਦੀਆਂ ਹਾਰਡ ਕਾਪੀਆਂ ਦਫਤਰ ਪੀ.ਐਨ.ਆਰ.ਸੀ. ਵਿਖੇ ਤੁਰੰਤ ਮੁਹਾਇਆ ਕਰਵਾਈਆਂ ਜਾਣ।ਹਾਰਡ ਕਾਪੀਆਂ ਨਾ ਭੇਜਣ ਦੀ ਸੂਰਤ ਵਿੱਚ ਵਿਦਿਆਰਥੀਆਂ ਦਾ ਨਤੀਜਾ ਆਰ.ਐਲ. ਘੋਸਿਤ ਕੀਤਾ ਜਾਵੇਗਾ ਅਤੇ ਸਾਰੀਆਂ ਕਲਾਸਾਂ ਦੇ ਨਤੀਜੇ ਘੋਸਿਤ ਹੋਣ ਤੋਂ ਬਾਅਦ ਹੀ ਆਰ.ਐਲ. ਕੀਤੇ ਵਿਦਿਆਰਥੀਆਂ ਦਾ ਨਤੀਜਾ ਘੋਸਿਤ ਕੀਤਾ ਜਾਵੇਗਾ।ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਦਾਖਲੇ ਸਮੇਂ ਜਿਹਨਾਂ ਸੰਸਥਾਵਾਂ ਨੂੰ ਜਿਹੜੀਆਂ ਕਮੀਆਂ ਈ-ਮੇਲ ਜਾਂ ਵਾਟਸਐਪ ਰਾਂਹੀ ਠੀਕ ਕਰਵਾਈਆਂ ਹਨ, ਉਹਨਾਂ ਦੇ ਅਸਲ ਦਸਤਾਵੇਜ਼ ਤੁਰੰਤ ਦਫਤਰ ਵਿਖੇ ਭੇਜੇ ਜਾਣ, ਨਾ ਭੇਜਣ ਦੀ ਸੂਰਤ ਵਿੱਚ ਦਾਖਲਾ ਰੱਦ ਸਮਝਿਆ ਜਾਵੇਗਾ ਅਤੇ ਇਸ ਦੀ ਪੂਰੀ-ਪੂਰੀ ਜਿਮੇਵਾਰੀ ਸੰਸਥਾ ਦੀ ਪ੍ਰਿੰਸੀਪਲ ਦੀ ਹੋਵੇਗੀ। ਜੋ ਵਿਦਿਆਰਥੀ ਸੈਸ਼ਨ 2020-21 ਵਿੱਚ ਦਾਖਲ ਕੀਤੇ ਗਏ ਹਨ ਉਹਨਾਂ ਦੀਆਂ ਲਿਸਟਾਂ ਹੇਠ ਲਿਖੇ ਅਨੁਸਾਰ ਭੇਜੀਆਂ ਜਾਣ।

1. 1 ਅਕਤੂਬਰ ਤੋਂ 31 ਅਕਤੂਬਰ ਤੱਕ ਦਾਖਲ ਕੀਤੇ ਵਿਦਿਆਰਥੀਆਂ ਦੀ ਲਿਸਟ।
2. ਨਵੰਬਰ ਵਿੱਚ ਦਾਖਲ ਕੀਤੇ ਵਿਦਿਆਰਥੀਆਂ ਦੀ ਲਿਸਟ।
3. ਦਸੰਬਰ ਵਿੱਚ ਦਾਖਲ ਕੀਤੇ ਵਿਦਿਆਰਥੀਆਂ ਦੀ ਲਿਸਟ।
4. ਜਨਵਰੀ 2021 ਵਿੱਚ ਦਾਖਲ ਕੀਤੇ ਵਿਦਿਆਰਥੀਆਂ ਦੀ ਵੱਖਰੀ ਲਿਸਟ।

ਉਪਰੋਕਤ ਅਨੁਸਾਰ ਦਾਖਲ ਕੀਤੇ ਗਏ ਵਿਦਿਆਰਥੀਆਂ ਦੀਆਂ ਅਲੱਗ-ਅਲੱਗ ਲਿਸਟਾਂ ਜਿਸ ਤਰੀਕੇ ਨਾਲ ਆਨ-ਲਾਇਨ ਅਪਲੋਡ ਕੀਤੇ ਗਏ ਸਨ ਉਸੇ ਤਰੀਕੇ ਨਾਲ ਹੀ ਉਹਨਾਂ ਵਿਦਿਆਰਥੀਆਂ ਦੀਆਂ ਲਿਸਟਾਂ ਦਫਤਰ ਵਿਖੇ ਹਾਰਡ ਕਾਪੀਆਂ ਮੁਹਾਇਆ ਕਰਵਾਈਆਂ ਜਾਣ। ਜੇਕਰ ਲਿਸਟਾਂ ਵਿੱਚ ਕਿਸੇ ਪ੍ਰਕਾਰ ਦੀਆਂ ਤੁਰੱਟੀਆਂ ਪਾਈਆਂ ਗਈਆਂ ਤਾਂ ਉਹਨਾਂ ਸੰਸਥਾਵਾਂ ਦੇ ਵਿਦਿਆਰਥੀਆਂ ਦਾ ਇਮਤਿਹਾਨ ਫਾਰਮਾਂ ਲਈ ਪੋਰਟਲ ਨਹੀ ਖੋਲਿਆ ਜਾਵੇਗਾ।

Sd/-
**ਰਜਿਸਟਰਾਰ**
**ਪੰਜਾਬ ਨਰਸਿਜ਼ ਰਜਿਸਟ੍ਰੇਸ਼ਨ ਕੌਂਸਲ**
**ਐਸ.ਏ.ਐਸ ਨਗਰ (ਮੋਹਾਲੀ)**